NZ ਤਸਵੀਰ NEWS

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

18 April 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਕ੍ਰਾਈਸਟਚਰਚ ਮਸਜਿਦ ਹਮਲੇ ਦੇ ਪੀੜਤਾਂ ਲਈ ਸਿੱਖ ਭਾਈਚਾਰੇ ਨੇ ਦਾਨ ਕੀਤੇ 60,000 ਡਾਲਰ



ਨਿਊਜ਼ੀਲੈਂਡ: ਕਰੀਬ ਚਾਰ ਹਫਤੇ ਪਹਿਲਾਂ 15 ਮਾਰਚ ਨੂੰ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਦੀ ਇਕ ਮਸਜਿਦ ਵਿਚ ਇਕ ਆਸਟ੍ਰੇਲੀਅਨ ਹਮਲਾਵਰ ਨੇ ਗੋਲੀਆਂ ਮਾਰ ਕੇ 50 ਲੋਕਾਂ ਦੀ ਹੱਤਿਆ ਕਰ ਦਿਤੀ ਸੀ। ਕ੍ਰਾਈਸਟਚਰਚ ਵਿਖੇ ਹੋਏ ਇਸ ਅਤਿਵਾਦੀ ਹਮਲੇ ਤੋਂ ਬਾਅਦ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਪੀੜਤ ਪਰਿਵਾਰਾਂ ਦੀ ਮਦਦ ਲਈ ਹੱਥ ਵਧਾਏ ਗਏ। ਇਸ ਮੌਕੇ ਸਿੱਖ ਭਾਈਚਾਰੇ ਵੱਲੋਂ ਵੀ ਪੀੜਤਾਂ ਦੀ ਮਦਦ ਕੀਤੀ ਗਈ। ਸਿੱਖ ਭਾਈਚਾਰੇ ਨੇ ਇਸ ਹਮਲੇ ਦੇ ਪੀੜਤਾਂ ਦੀ ਮਦਦ ਲਈ ਇਕੱਠੇ ਹੋ ਕੇ ਫੇਸਬੁੱਕ ਰਾਹੀਂ 60,000 ਡਾਲਰ ਤੋਂ ਜ਼ਿਆਦਾ ਰਕਮ ਇੱਕਠੀ ਕੀਤੀ। ਇਸ ਕੰਮ ਦੀ ਸ਼ੁਰੂਆਤ 16 ਮਾਰਚ ਨੂੰ ਸਿੱਖ ਸੁਪਰੀਮ ਸੁਸਾਇਟੀ ਦੀ ਮਦਦ ਨਾਲ ਔਕਲੈਂਡ ਵਾਸੀ ਜਸਪ੍ਰੀਤ ਸਿੰਘ ਵੱਲੋਂ ਕੀਤੀ ਗਈ ਜਸਪ੍ਰੀਤ ਸਿੰਘ ਨੇ ਫੇਸਬੁੱਕ ਰਾਹੀਂ ਕ੍ਰਾਈਸਟਚਰਚ ਮਸਜਿਦ ਹਮਲੇ ਦੇ ਪੀੜਤਾਂ ਦੀ ਮਦਦ ਲ਼ਈ ਸਥਾਨਕ ਭਾਈਚਾਰੇ ਨੂੰ ਅਪੀਲ ਕੀਤੀ ਸੀ। ਉਹਨਾਂ ਕਿਹਾ ਕਿ ਜੋ ਕੁਝ ਵੀ ਹੋਇਆ ਉਸ ਨੂੰ ਬਦਲਿਆ ਨਹੀਂ ਜਾ ਸਕਦਾ, ਪਰ ਅਸੀਂ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਮਦਦ ਕਰਕੇ ਉਹਨਾਂ ਦਾ ਦੁੱਖ ਘੱਟ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਉਹਨਾਂ ਕਿਹਾ ਕਿ ਪੰਜ ਦਿਨਾਂ ਵਿਚ ਹੀ 60,458 ਡਾਲਰ ਇਕੱਠੇ ਕੀਤੇ ਗਏ ਜਦਕਿ ਉਹਨਾਂ ਨੇ ਸ਼ੁਰੂਆਤ ਵਿਚ 50,000 ਡਾਲਕ ਹੀ ਇਕੱਠੇ ਕਰਨ ਬਾਰੇ ਹੀ ਸੋਚਿਆ ਸੀ। ਉਹਨਾਂ ਨੇ ਯੋਗਦਾਨ ਪਾਉਣ ਵਾਲੇ ਲੋਕਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਕੱਠਾ ਕੀਤਾ ਗਿਆ ਫੰਡ ਫੈਡਰੇਸ਼ਨ ਆਫ ਇਸਲਾਮਿਕ ਐਸੋਸੀਏਸ਼ਨ ਆਫ ਨਿਊਜ਼ੀਲੈਂਡ (Federation of the Islamic Associations of New Zealand) ਦੀ ਮਦਦ ਨਾਲ ਪੀੜਤਾਂ ਦੇ ਪਰਿਵਾਰਾਂ ਵਿਚ ਵੰਡਿਆ ਜਾਵੇਗਾ, ਤਾਂ ਜੋ ਉਹਨਾਂ ਨੂੰ ਲੰਬੇ ਸਮੇਂ ਲਈ ਇਸ ਦਾ ਫਾਇਦਾ ਹੋ ਸਕੇ ਉਹਨਾਂ ਨੇ ਕਿਹਾ ਕਿ ਇਕੱਠਾ ਕੀਤਾ ਗਿਆ ਫੰਡ ਫੇਸਬੁੱਕ ਦਾ ਟੈਕਸ ਕੱਟਣ ਤੋਂ ਬਾਅਦ ਸੁਪਰੀਮ ਸਿੱਖ ਸੁਸਾਇਟੀ ਨੂੰ ਸੌਂਪ ਦਿੱਤਾ ਜਾਵੇਗਾ। ਇਸ ਸਬੰਧ ਵਿਚ ਸੁਪਰੀਮ ਸਿੱਖ ਸੁਸਾਇਟੀ ਦੇ ਦਲਜੀਤ ਸਿੰਘ 691©➢ ਨਾਲ ਸੰਪਰਕ ਵਿਚ ਹਨ। ਉਹਨਾਂ ਕਿਹਾ ਕਿ ਇਸ ਫੰਡ ਨੂੰ ਪੀੜਤਾਂ ਤੱਕ ਪਹੁੰਚਾਉਣ ਲਈ ਅਸੀਂ ਪੁਲਿਸ ਅਤੇ 691©➢ ਨਾਲ ਸੰਪਰਕ ਕਰ ਰਹੇ ਹਾਂ। ਉਹਨਾਂ ਦਾ ਕਹਿਣਾ ਹੈ ਕਿ 'ਇਹ ਸਭ ਭਾਈਚਾਰੇ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ, ਇਸ ਲਈ ਅਸੀਂ ਸਮੂਹ ਭਾਈਚਾਰੇ ਦਾ ਧੰਨਵਾਦ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਵੀ ਇਕੱਠੇ ਖੜਾਂਗੇ।'

# ਪੁਰਤਗਾਲ ਦੇ ਮੇਡੀਰਾ ਟਾਪੂ ਚ ਟੂਰਿਸਟ ਬੱਸ ਪਲਟੀ, 28 ਦੀ ਮੌਤ



ਮੇਡੀਰਾ - ਪੁਰਤਗਾਲ ਦੇ ਮੇਡੀਰਾ ਟਾਪੂ 'ਤੇ ਬੁੱਧਵਾਰ ਨੂੰ ਇਕ ਟੂਰਿਸਟ ਬੱਸ ਪਲਟ ਗਈ, ਜਿਸ 'ਚ ਕਰੀਬ 28 ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ। ਸਥਾਨਕ ਅਖਬਾਰ ਏਜੰਸੀ ਲੂਸਾ ਦੇ ਮੇਅਰ ਫਿਲੀਸ ਸੂਸਾ ਦੇ ਹਵਾਲੇ ਤੋਂ ਕਿਹਾ ਕਿ ਮ੍ਰਿਤਕਾਂ ਅਤੇ ਜ਼ਖਮੀਆਂ ਦੀ ਅਜੇ ਕੋਈ ਪੁਖਤਾ ਗਿਣਤੀ ਨਹੀਂ ਹੈ। ਘਟਨਾ ਸ਼ਾਮ ਕਰੀਬ 7 ਵਜੇ ਦੀ ਦੱਸੀ ਜਾ ਰਹੀ ਹੈ। ਦੱਸ ਦਈਏ ਕਿ ਬੱਸ 'ਚ ਕਰੀਬ 57 ਲੋਕ ਸਵਾਰ ਸਨ। ਜਾਣਕਾਰੀ ਮੁਤਾਬਕ 37 ਲੋਕਾਂ ਨੂੰ ਬੱਸ 'ਚੋਂ ਬਾਹਰ ਕੱਢ ਲਿਆ ਗਿਆ ਹੈ। ਪੁਰਤਗਾਲੀ ਅਖਬਾਰ ਏਜੰਸੀ ਮੁਤਾਬਕ, ਹੁਣ ਤੱਕ 28 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ 'ਚ 17 ਮਰਦ ਅਤੇ 11 ਔਰਤਾਂ ਸ਼ਾਮਲ ਹਨ।

# ਧਰਤੀ ਦਾ ਲਗਾਤਾਰ ਵਧ ਰਿਹੈ ਤਾਪਮਾਨ

ਵਾਸ਼ਿੰਗਟਨ— ਨਾਸਾ ਦੇ ਖੋਜੀਆਂ ਵਲੋਂ ਉਪਗ੍ਰਹਿ ਰਾਹੀਂ ਲਾਏ ਗਏ ਅਨੁਮਾਨ ਨੇ ਉਨ੍ਹਾਂ ਅੰਕੜਿਆਂ ਦੀ ਪੁਸ਼ਟੀ ਕੀਤੀ ਹੈ, ਜਿਸ ਨਾਲ ਪਤਾ ਲੱਗਿਆ ਹੈ ਕਿ ਪਿਛਲੇ 15 ਸਾਲਾਂ 'ਚ ਧਰਤੀ ਦਾ ਸਤਾ ਗਰਮ ਹੋਈ ਹੈ। ਖੋਜਕਾਰਾਂ ਨੇ 2003 ਤੋਂ 2007 ਤੱਕ ਉਪਗ੍ਰਹਿ ਆਧਾਰਿਤ ਇੰਫਰਾਰੈੱਡ ਮੇਜਰਮੈਂਟ ਸਿਸਟਮ ਏ.ਆਈ.ਆਰ.ਐੱਸ. ਦੇ ਰਾਹੀਂ ਪ੍ਰਾਪਤ ਧਰਤੀ ਦੇ ਤਾਪਮਾਨ ਦਾ ਅਨੁਮਾਨ ਲਾਇਆ। ਅਧਿਐਨ ਦਲ ਨੇ ਇਨ੍ਹਾਂ ਅੰਕੜਿਆਂ ਦਾ ਗੋਡਾਰਡ ਇੰਸਟੀਚਿਊਟ ਫਾਰ ਸਪੇਸ ਸਟੱਡੀਜ਼ ਸਰਫੇਸ ਟੈਂਪਰੇਚਰ ਐਨਾਲਾਈਸਿਸ ਨਾਲ ਮਿਲਾਨ ਕੀਤਾ। ਬਾਅਦ



'ਚ ਇਹ ਅਧਿਐਨ ਇਨਵਾਇਰਮੈਂਟਲ ਰਿਸਰਚ ਲੇਟਰਸ ਰਸਾਲੇ 'ਚ ਪ੍ਰਕਾਸ਼ਿਤ ਹੋਇਆ। ਪਿਛਲੇ 15 ਸਾਲ 'ਚ ਦੋਵਾਂ ਸੈਂਟਰਾਂ 'ਚ ਕਾਫੀ ਸਮਾਨਤਾ ਦੇਖਣ ਨੂੰ ਮਿਲੀ। ਅਮਰੀਕਾ 'ਚ ਨਾਸਾ ਦੇ ਗੋਡਾਰਡ ਸਪੇਸ ਫਲਾਈਟ ਸੈਂਟਰ ਜੋਏਲ ਸੁਸਕਿੰਡ ਨੇ ਕਿਹਾ ਕਿ ਏ.ਆਈ.ਆਰ.ਐੱਸ. ਡਾਟਾ ਨੇ ਜੀ.ਆਈ.ਐੱਸ.ਟੀ.ਈ.ਐੱਮ.ਪੀ. ਦੇ ਲਈ ਪੂਰਕ ਰਿਹਾ ਕਿਉਂਕਿ ਜੀ.ਆਈ.ਐੱਸ.ਟੀ.ਈ.ਐੱਮ.ਪੀ. ਦੀ ਤੁਲਨਾ 'ਚ ਇਸ ਦਾ ਦਾਇਰਾ ਜ਼ਿਆਦਾ ਰਿਹਾ ਹੈ ਤੇ ਸਮੂਚੀ ਦੁਨੀਆ ਨੂੰ ਕਵਰ ਕੀਤਾ। ਸੁਸਕਿੰਡ ਨੇ ਇਕ ਬਿਆਨ 'ਚ ਕਿਹਾ ਕਿ ਡਾਟਾ ਦੇ ਦੋਵਾਂ ਸੈਟਾਂ ਨਾਲ ਪਤਾ ਲੱਗਿਆ ਕਿ ਧਰਤੀ ਦੀ ਸਤਾ ਇਸ ਮਿਆਦ 'ਚ ਗਰਮ ਹੋਈ ਤੇ 2016, 2017 ਤੇ 2015 ਲੜੀ 'ਚ ਸਭ ਤੋਂ ਗਰਮ ਸਾਲ ਰਿਹਾ।

# ਹੁਣ ਆਪਣੇ ਖਾਤੇ ਚੋਂ ਵੀ ਪੈਸੇ ਨਹੀਂ ਕੱਢਵਾ ਸਕੇਗਾ ਭਗੌੜਾ ਮਾਲਿਆ

ਲੰਡਨ— ਭਾਰਤੀ ਬੈਂਕਾਂ ਦਾ ਪੈਸਾ ਲੈ ਕੇ ਫਰਾਰ ਹੋਏ ਸ਼ਰਾਬ ਵਪਾਰੀ ਵਿਜੈ ਮਾਲਿਆ ਵਸੂਲੀ ਦੀਆਂ ਕੋਸ਼ਿਸ਼ਾਂ 'ਚ ਰਾਹਤ ਹਾਸਲ ਕਰਨ ਲਈ ਬ੍ਰਿਟਿਸ਼ ਹਾਈਕੋਰਟ ਨੂੰ ਸਮਝਾਉਣ 'ਚ ਅਸਫਲ ਰਹੇ। ਬੁੱਧਵਾਰ ਨੂੰ ਕੋਰਟ ਨੇ ਮਾਲਿਆ ਦੇ ਲੰਡਨ ਸਥਿਤ ਬੈਂਕ ਅਕਾਊਂਟ ਤੋਂ 2,60,000 ਪਾਊਂਡ 'ਤੇ ਕਬਜ਼ਾ ਹਾਸਿਲ ਕਰਨ ਦੀਆਂ ਭਾਰਤੀ ਬੈਂਕਾਂ ਦੀਆਂ ਕੋਸ਼ਿਸ਼ਾਂ ਖਿਲਾਫ ਕੋਈ ਵੀ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ। ਹੁਣ ਲੰਡਨ ਦੀ ਆਈ.ਸੀ.ਆਈ.ਸੀ.ਆਈ. ਬੈਂਕ 'ਚ ਮਾਲਿਆ ਦਾ ਇਹ ਪੈਸਾ ਬਣਿਆ ਰਹੇਗਾ। ਜ਼ਿਕਰਯੋਗ ਹੈ ਕਿ ਲੰਡਨ 'ਚ ਮੌਜੂਦ ਮਾਲਿਆ 'ਤੇ ਬ੍ਰਿਟਿਸ਼ ਅਦਾਲਤਾਂ 'ਚ ਜੋ ਮਾਮਲੇ ਚੱਲ ਰਹੇ ਹਨ, ਇਹ ਉਨ੍ਹਾਂ 'ਚੋਂ ਇਕ ਹੈ। ਹਾਈ ਕੋਰਟ ਦੇ ਜੱਜ ਮਾਸਟਰ ਡੇਵਿਡ ਕੁਕ ਨੇ ਭਾਰਤੀ ਸਟੇਟ ਬੈਂਕ ਤੇ ਹੋਰ ਬੈਂਕਾਂ ਦੇ ਆਈ.ਸੀ.ਆਈ.ਸੀ.ਆਈ. ਬੈਂਕ



ਦੀ ਲੰਡਨ ਬ੍ਰਾਂਚ 'ਚ ਜਮਾ ਮਾਲਿਆ ਦੇ 235 ਕਰੋੜ ਰੁਪਏ ਤੱ ਕ ਪਹੁੰਚ ਦਾ ਆਖਰੀ ਹੁਕਮ ਦਿੱਤਾ ਹੈ। ਪਰੰਤੂ ਇਹ ਸ਼ਰਤ ਲਗਾ ਦਿੱਤੀ ਹੈ ਕਿ ਜਦੋਂ ਤੱਕ ਮਾਲਿਆ ਦੇ ਖਿਲਾਫ ਚੱਲ ਰਹੇ ਮਾਮਲਿਆਂ 'ਤੇ ਫੈਸਲਾ ਨਹੀਂ ਆਉਂਦਾ ਉਦੋਂ ਤੱਕ ਬੈਂਕ ਇਹ ਪੈਸਾ ਨਹੀਂ ਕੱਢਵਾ ਸਕਣਗੇ। ਇਸ ਦਾ ਮਤਲਬ ਹੈ ਕਿ ਮਾਲਿਆ ਵੀ ਇਸ ਖਾਤੇ 'ਚੋਂ ਪੈਸੇ ਨਹੀਂ ਕੱਢਵਾ ਸਕਣਗੇ। ਮਾਲਿਆ ਦੀਆਂ ਦੁਨੀਆਭਰ ਦੀਆਂ ਜਾਇਦਾਦਾਂ ਦੀ ਜ਼ਬਦੀ ਦੇ ਹੁਕਮ ਦੀ ਕਾਪੀ ਲੈ ਕੇ ਭਾਰਤੀ ਬੈਂਕਾ ਨੇ ਲੰਡਨ ਦੀ ਕੋਰਟ 'ਚ ਅਰਜ਼ੀ ਦਿੱਤੀ ਸੀ। ਕੋਰਟ ਨੇ ਮਾਲਿਆ ਦੇ ਵਕੀਲ ਦੀ ਇਹ ਅਪੀਲ ਖਾਰਿਜ ਕਰ ਦਿੱਤੀ ਕਿ ਉਨ੍ਹਾਂ ਦੇ ਮੁਵੱਕਿਲ ਨੂੰ ਆਪਣੇ ਰੁਜ਼ਾਨਾ ਦੇ ਖਰਚ ਲਈ ਪੈਸਿਆਂ ਦੀ ਲੋੜ ਹੈ।

## ਸਰਹੱਦ 'ਤੇ ਪੰਜਾਬੀ ਕਿਸਾਨ ਨਾਲ ਪਾਕਿਸਤਾਨੀ ਦਾ ਭੇੜ, ਕੰਡਿਆਲੀ ਤਾਰ ਲੰਘ ਖੇਤਾਂ 'ਚ ਗਿਆ ਸੀ ਕਿਸਾਨ

ਚੰਡੀਗੜ੍ਹ: ਪਠਾਨਕੋਟ ਨਾਲ ਲੱਗਦੀ ਭਾਰਤ-ਪਾਕਿਸਤਾਨ ਸਰਹੱਦ 'ਤੇ ਸਥਿਤ ਬਲਾਕ ਬਮਿਆਲ ਅਧੀਨ ਪੈਂਦੇ ਸਰਹੱਦੀ ਪਿੰਡ ਖੁਦਾਈਪੁਰ ਤੋਂ ਕਿਸਾਨ ਦੀ ਪਾਕਿਸਤਾਨੀ ਨਾਗਰਿਕ ਨਾਲ ਤਕਰਾਰ ਦਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਦੇ ਪਾਰ ਪੈਂਦੀ ਜ਼ਮੀਨ ਵਿੱਚ ਖੇਤੀ ਕਰਨ ਗਏ ਕਿਸਾਨ ਨਾਲ ਪਾਕਿਸਤਾਨੀ ਨਾਗਰਿਕ ਹੱਥੋਪਾਈ ਹੋ ਗਿਆ। ਇਸ ਦੇ ਨਾਲ ਹੀ ਕਿਹਾ ਜਾ ਰਿਹਾ ਹੈ ਕਿ ਕਿਸਾਨ ਨੂੰ ਪਾਕਿਸਤਾਨੀ ਸਰਹੱਦ ਵੱਲ ਜ਼ਬਰਦਸਤੀ ਲੈ ਕੇ ਜਾਣ ਦੀ ਕੋਸ਼ਿਸ਼ ਕੀਤੀ ਗਈ ਹੈ। ਉੱਧਰ ਬੀਐਸਐਫ ਅਧਿਕਾਰੀ ਇਸ ਮਾਮਲੇ ਸੰਬੰਧੀ ਕੁਝ ਬੋਲਣ ਤੋਂ ਕਿਨਾਰਾ ਕਰ ਰਹੇ ਹਨ। ਹਾਲਾਂਕਿ ਖੇਤੀ ਕਰਨ ਗਏ ਕਿਸਾਨ ਸੁਖਬੀਰ ਸਿੰਘ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਬਾਰਡਰ 'ਤੇ ਕਿਸਾਨ ਦੇ ਪਾਕਿਸਤਾਨੀ ਨਾਗਰਿਕ ਨਾਲ ਝਗੜੇ ਬਾਅਦ ਪਿੰਡ ਦੇ ਲੋਕ ਕਾਫੀ ਸਹਿਮੇ ਹੋਏ ਹਨ। ਹਾਸਲ ਜਾਣਕਾਰੀ ਮੁਤਾਬਕ ਸੁਖਬੀਰ ਸਿੰਘ ਬੀਤੇ ਦਿਨ ਸਵੇਰੇ ਸਰਹੱਦ ਨਾਲ ਲੱਗਦੀ ਕੰਡਿਆਲੀ ਤਾਰ ਦੇ ਗੇਟ ਨੰਬਰ 9 ਨੂੰ ਪਾਰ ਕਰਕੇ ਆਪਣੇ ਖੇਤ ਵਿੱਚ ਖੇਤੀ ਕਰਨ ਗਿਆ ਸੀ ਤੇ ਇੰਟਰਨੈਸ਼ਨਲ ਬਾਰਡਰ ਦੇ ਪਿੱਲਰ 9/14 ਤੇ 10/5 ਵਿਚਾਲੇ ਆਪਣੇ ਖੇਤ 'ਚ ਖੇਤੀ ਕਰ ਰਿਹਾ ਸੀ। ਅਚਾਨਕ ਇੱਕ ਪਾਕਿਸਤਾਨੀ ਨਾਗਰਿਕ ਭਾਰਤ ਦੀ ਸਰਹੱਦ ਅੰਦਰ ਵੜਿਆ ਤੇ ਉਸ ਨੂੰ ਜ਼ਬਰਦਸਤੀ ਪਾਕਿਸਤਾਨੀ ਸਰਹੱਦ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ।

# ਵਿਦੇਸ਼ੀ ਵਿਦਿਆਰਥੀ ਜੀਵਨ ਦੀ ਰੁਮਾਂਟਿਕ ਫ਼ਿਲਮ 'ਦਿਲ ਦੀਆਂ ਗੱਲਾਂ'



ਪੰਜਾਬੀ ਸਿਨਮਾ ਹੁਣ ਪੰਜਾਬੀ ਕਹਾਣੀਆਂ ਦੇ ਨਾਲ ਨਾਲ ਵਿਦੇਸ਼ੀ ਜੀਵਲ ਨੂੰ ਵੀ ਪੰਜਾਬੀ ਪਰਦੇ 'ਤੇ ਉਤਾਰ ਰਿਹਾ ਹੈ। ਕਈ ਫ਼ਿਲਮਾਂ ਦਾ ਵਿਸ਼ਾ ਵਸਤੂ ਪਰਵਾਸੀ ਪੰਜਾਬ ਨਾਲ ਸਬੰਧਤ ਰਿਹਾ ਹੈ। ਪਟਾਰਾ ਟਾਕੀਜ਼ ਵਲੋਂ ਆਪਣੀ ਪਹਿਲੀ ਫ਼ਿਲਮ 'ਹਾਈਐਂਡ ਯਾਰੀਆਂ' ਵੀ ਲੰਡਨ ਵਿੱਚ ਫ਼ਿਲਮਾਈ ਗਈ ਸੀ ਜਦਕਿ ਪਰਮੀਸ਼ ਵਰਮਾ ਦੀ ਫ਼ਿਲਮ 'ਦਿਲ ਦੀਆਂ ਗੱਲਾਂ' ਵੀ ਪੰਜਾਬ ਅਤੇ ਲੰਡਨ ਦੀਆਂ ਖ਼ੂਬਸੂਰਤ ਲੁਕੇਸ਼ਨਾਂ 'ਤੇ ਫ਼ਿਲਮਾਈ ਗਈ ਹੈ। ਇਸ ਫ਼ਿਲਮ ਦਾ ਹੀਰੋ ਪਰਮੀਸ਼ ਵਰਮਾ ਤੇ ਹੀਰੋਇਨ ਵਾਮਿਕਾ ਗੱਬੀ ਹੈ। ਸਾਊਥ ਦੀਆਂ ਫ਼ਿਲਮਾਂ ਨਾਲ ਆਪਣੇ ਕੇਰੀਅਰ ਦੀ ਸੁਰੂਆਤ ਕਰਨ ਵਾਲੀ ਵਾਮਿਕਾ ਗੱਬੀ ਅੱਜ ਪੰਜਾਬੀ ਫ਼ਿਲਮਾਂ ਦੀ ਇੱਕ ਸਰਗਰਮ ਅਦਾਕਾਰਾ ਹੈ। 'ਨਿੱਕਾ ਜ਼ੈਲਦਾਰ 2, ਪ੍ਰਾਹੁਣਾ' ਆਦਿ ਫ਼ਿਲਮਾਂ ਕਰ ਚੁੱਕੀ ਵਾਮਿਕਾ ਕੋਲ ਭਵਿੱਖ ਵਿੱਚ ਵੀ ਕਈ ਵੱਡੀਆ ਫਿਲਮਾਂ ਹਨ। ਮਾਡਲਿੰਗ ਤੋਂ ਫ਼ਿਲਮ ਅਦਾਕਾਰੀ ਵੱਲ ਆਇਆ ਪਰਮੀਸ ਵਰਮਾ ਆਪਣੀ ਪਲੇਠੀ ਫ਼ਿਲਮ ਰੌਕੀ ਮੈਂਟਲ' ਤੋਂ ਬਾਅਦ ਹੁਣ ਖ਼ੂਬਸੂਰਤ ਅਦਾਕਾਰਾ ਵਾਮਿਕਾ ਗੱਬੀ ਨਾਲ 'ਦਿਲ ਦੀਆਂ ਗੱਲਾਂ' ਕਰਨ ਆ ਰਿਹਾ ਹੈ। ਸਪੀਡ ਰਿਕਾਰਡਜ਼, ਪਿਟਾਰਾ ਟਾਕੀਜ਼ ਅਤੇ ਓਮ ਜੀ ਗਰੁੱਪ ਵਲੋਂ ਬਣਾਈ ਇਹ ਫ਼ਿਲਮ ਪਿਆਰ ਮੁਹੱਬਤ ਦੇ ਵਿਸ਼ਿਆਂ ਦੀ ਇੱਕ ਨਿਰੋਲ ਲਵ ਸਟੋਰੀ ਫ਼ਿਲਮ ਹੋਵੇਗੀ ਜੋ ਵਿਦੇਸ਼ ਪੜਾਈ ਕਰਨ ਗਏ ਪੰਜਾਬੀ ਮੁੰਡੇ ਦੀ ਕਹਾਣੀ ਅਧਾਰਤ ਹੈ। 'ਹਾਈਐਂਡ ਯਾਰੀਆਂ' ਦੀ ਅਪਾਰ ਸਫ਼ਲਤਾ ਤੋਂ ਬਾਅਦ ਨਿਰਮਾਤਾ ਤਿੱਕੜੀ ਦਿਨੇਸ਼ ਔਲਖ, ਸੰਦੀਪ ਬਾਂਸਲ ਅਤੇ ਆਸ਼ੂ ਮੁਨੀਸ਼ ਸਾਹਨੀ ਦੀ ਇਹ ਦੂਸਰੀ ਫ਼ਿਲਮ ਹੈ ਜੋ ਕਾਮੇਡੀ ਅਤੇ ਵਿਆਹ ਕਲਚਰ ਦੀਆਂ ਫ਼ਿਲਮਾਂ ਤੋਂ ਹਟਵੇਂ ਵਿਸ਼ੇ ਦੀ ਹੋਵੇਗੀ ਤੇ ਇਸ ਫ਼ਿਲਮ ਦਾ ਸੰਗੀਤ ਵੀ ਲੋਕ ਜੁਬਾਨਾਂ 'ਤੇ ਚੜ੍ਹਨ ਵਾਲਾ ਹੋਵੇਗਾ। ਇਸ ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਖੁਦ ਪਰਮੀਸ ਵਰਮਾ ਤੇ ਉਦੇ ਪ੍ਰਤਾਪ ਸਿੰਘ ਨੇ ਲਿਖਿਆ ਹੈ। ਫ਼ਿਲਮ ਦਾ ਨਿਰਦੇਸ਼ਨ ਵੀ ਇਨ੍ਹਾਂ ਨੇ ਸਾਂਝੇ ਤੌਰ 'ਤੇ ਦਿੱਤਾ ਹੈ। ਫ਼ਿਲਮ ਦੇ ਨਿਰਮਾਤਾਵਾਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਦਿਲ ਦੀਆਂ ਗੱਲਾਂ ਦਾ ਟਰੇਲਰ ਬੀਤੇ ਦਿਨੀ ਰਿਲੀਜ਼ ਹੋਇਆ ਹੈ ਜਿਸਨੂੰ ਦੇਸ ਵਿਦੇਸਾਂ ਵਿੱਚ ਵੱਡੀ ਪੱਧਰ 'ਤੇ ਪਸੰਦ ਕੀਤਾ ਜਾ ਰਿਹਾ ਹੈ। ਇਸ ਫ਼ਿਲਮ ਦੀ ਕਹਾਣੀ ਪੰਜਾਬ ਤੋਂ ਵਿਦੇਸ਼ ਪੜ੍ਹਾਈ ਕਰਨ ਗਏ ਇੱਕ ਅਜਿਹੇ ਗੱਭਰੂ ਦੀ ਹੈ ਜੋ ਆਪਣੇ ਗੁਜ਼ਾਰੇ ਲਈ ਪੜ੍ਹਾਈ ਦੇ ਨਾਲ ਨਾਲ ਕੰਮ ਵੀ ਕਰਦਾ ਹੈ। ਇਸੇ ਦੌਰਾਨ ਲਾਡੀ ( ਪਰਮੀਸ਼ ਵਰਮਾ) ਨਾਂ ਦੇ ਇਸ ਨੌਜਵਾਨ ਦੀ ਮੁਲਾਕਾਤ ਨਤਾਸ਼ਾ (ਵਾਮਿਕਾ ਗੱਬੀ) ਨਾਲ ਹੁੰਦੀ ਹੈ ਜੋ ਬਹੁਤ ਹੀ ਨਖਰੇ ਵਾਲੀ ਘਮੰਡੀ ਸੁਭਾਓ ਦੀ ਕੁੜੀ ਹੈ। ਦੋਵਾਂ ਦੀ ਪਹਿਲੀ ਮੁਲਾਕਾਤ ਵਿੱਚ ਹੋਈ ਤਕਰਾਰਬਾਜ਼ੀ ਹੋਲੀ ਹੋਲੀ ਪਿਆਰ ਵਿੱਚ ਬਦਲ ਜਾਂਦੀ ਹੈ। ਫਿਰ ਅਚਾਨਕ ਨਤਾਸਾ ਦੀ ਮੰਗਣੀ ਕਿਸੇ ਹੋਰ ਨਾਲ ਹੋ ਜਾਂਦੀ ਹੈ ਤੇ ਦੋਵਾਂ ਦੇ ਰਾਹ ਵੱਖ ਵੱਖ ਹੋ ਜਾਂਦੇ ਹਨ। ਇਸ ਤਰ ਾਂ ਇਹ ਫ਼ਿਲਮ ਪਿਆਰ ਮੁਹੱਬਤ ਤੇ ਵਿਛੋੜੇ ਦੇ ਦਰਦ 'ਚ ਭਿੱਜੀ ਦਿਲਾਂ ਨੂੰ ਝੰਜੋੜਨ ਵਾਲੀ ਇੱਕ ਲਵ ਸਟੋਰੀ ਫ਼ਿਲਮ ਹੋ ਨਿਬੱੜਦੀ ਹੈ। ਦਰਸ਼ਕ ਪਹਿਲੀ ਵਾਰ ਵਾਮਿਕਾ ਤੇ ਪਰਮੀਸ਼ ਵਰਮਾ ਨੂੰ ਰੁਮਾਂਟਿਕ ਕਿਰਦਾਰਾਂ ਵਿੱਚ ਵੇਖਣਗੇ। ਇਸ ਫ਼ਿਲਮ ਦੀ ਸੂਟਿੰਗ ਚੰਡੀਗੜ੍ਹ ਤੇ ਲੰਡਨ ਵਿਖੇ ਕੀਤੀ ਗਈ ਹੈ। ਪਰਮੀਸ਼ ਵਰਮਾ, ਵਾਮਿਕਾ ਗੱਬੀ, ਗੌਰਵ ਕੱਕੜ, ਬਨਿੰਦਰ ਬਨੀ ਆਦਿ ਕਲਾਕਾਰਾਂ ਨੇ ਇਸ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਦੇਸੀ ਕਰਿਊ, ਸੰਗਤਾਰ, ਯਸ਼ ਵਡਾਲੀ ਤੇ ਟਰੋਅ ਆਰਿਫ਼ ਨੇ ਤਿਆਰ ਕੀਤਾ ਹੈ। ਜਸਵੀਰ ਗੁਣਾਚੌਰੀਆਂ, ਮਨਦੀਪ ਮੇਵੀ, ਰਮਨ ਜੰਗਵਾਲ ਦੇ ਲਿਖੇ ਗੀਤਾਂ ਨੂੰ ਪਰਮੀਸ਼ ਵਰਮਾ, ਕਮਲ ਹੀਰ, ਪ੍ਰਭ ਗਿੱਲ ਤੇ ਯਸ਼ ਵਡਾਲੀ ਨੇ ਗਾਇਆ ਹੈ। ਇਸ ਫ਼ਿਲਮ ਦਾ ਸੰਗੀਤ ਸਪੀਡ ਰਿਕਾਰਡਜ਼ ਵਲੋਂ ਰਿਲੀਜ਼ ਕੀਤਾ ਗਿਆ ਹੈ। ਇਸ ਫ਼ਿਲਮ ਨੂੰ ਓਮ ਜੀ ਗਰੁੱਪ ਵਲੋਂ 2 ਮਈ ਨੂੰ ਰਿਲੀਜ਼ ਕੀਤਾ ਜਾਵੇਗਾ।

**ਹਰਜਿੰਦਰ ਸਿੰਘ**